# ਜਮਾਤ: ਦਸਵੀਂ
# ਪੰਜਾਬੀ-ਏ
# ਅਨੁਪੂਰਕ/ਸਪਲੀਮੈਂਟਰੀ ਪਰੀਖਿਆਵਾਂ
# 2022-[redacted]

ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

ਸਮਾਂ: 3 ਘੰਟੇ ਕੁੱਲ ਅੰਕ (ਲਿਖਤੀ)=65

(1) ਪ੍ਰਸ਼ਨ-ਪੱਤਰ ਦੇ 2 ਮੁੱਖ ਭਾਗ ਹੋਣਗੇ: ਭਾਗ-1 ਤੇ ਭਾਗ-2 । ਭਾਗ-1 30 ਅੰਕਾਂ ਦਾ ਅਤੇ ਭਾਗ-2 35 ਅੰਕਾਂ ਦਾ ਹੋਵੇਗਾ।
(2) ਭਾਗ-1 ਵਿੱਚ ਪ੍ਰਸ਼ਨ-ਪੱਤਰ ਦੇ ਕੁੱਲ 3 ਭਾਗ (ੳ), (ਅ) ਤੇ (ੲ) ਹੋਣਗੇ, ਜਿੰਨ੍ਹਾਂ ਵਿੱਚ ਕੁੱਲ 30 ਬਹੁ-ਵਿਕਲਪੀ ਪ੍ਰਸ਼ਨ ਹੋਣਗੇ।
(3) ਭਾਗ-1 ਦੇ ਹਰੇਕ ਪ੍ਰਸ਼ਨ ਦਾ ਸਹੀ ਉੱਤਰ ਇੱਕ ਅੰਕ ਦਾ ਹੋਵੇਗਾ।
(4) ਭਾਗ-2 ਵਿੱਚ 02 ਅੰਕ ਸੁੰਦਰ ਲਿਖਾਈ ਲਈ ਨਿਰਧਾਰਿਤ ਕੀਤੇ ਗਏ ਹਨ।
(5) ਭਾਗ-2 ਵਿੱਚ ਪ੍ਰਸ਼ਨ-ਪੱਤਰ ਦੇ ਕੁੱਲ 9 ਪ੍ਰਸ਼ਨ ਹੋਣਗੇ।
(6) ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹੋਣਗੇ।
(7) ਕਿਸੇ ਵੀ ਗ਼ਲਤ ਉੱਤਰ ਦੇ ਅੰਕ ਨਹੀਂ ਕੱਟੇ ਜਾਣਗੇ।

## ਵਿਸ਼ੇਸ਼ ਹਦਾਇਤਾਂ: ਭਾਗ-1

ਪਰੀਖਿਆ ਪੱਖੋਂ ਅਧਿਆਪਕਾਂ,ਵਿਦਿਆਰਥੀਆਂ,ਪੇਪਰ-ਸੈਟਰਾਂ ਅਤੇ ਪਰੀਖਿਅਕਾਂ ਲਈ ਵਿਸ਼ੇਸ਼ ਹਦਾਇਤਾਂ:

**ਭਾਗ (ੳ): ਸਾਹਿਤ-ਮਾਲਾ:10** ਕੁੱਲ ਅੰਕ=14

ਇਸ ਭਾਗ ਵਿੱਚ ਕੁੱਲ **ਚੌਦਾਂ ਬਹੁ-ਵਿਕਲਪੀ ਪ੍ਰਸ਼ਨ** (ਪ੍ਰਸ਼ਨ ਨੰ. 1 ਤੋਂ 14 ਤੱਕ) ਹੋਣਗੇ। ਇਸ ਵਿੱਚ ਪਾਠ-ਪੁਸਤਕ ਦੇ ਭਾਗ-1 ਵਿੱਚ ਸ਼ਾਮਿਲ ਕਾਵਿ-ਧਰਾਵਾਂ ਵਿੱਚੋਂ ਕਵੀ/ਕਵੀ ਦੀ ਰਚਨਾ ਦਾ ਨਾਂ, ਕਵਿਤਾ ਦਾ ਪ੍ਰਸੰਗ, ਵਿਆਖਿਆ, ਕੇਂਦਰੀ/ਮੁੱਖ ਭਾਵ, ਵਿਸ਼ਾ ਸਮੱਗਰੀ ਨਾਲ ਸੰਬੰਧਿਤ **ਸੱਤ** (ਪ੍ਰਸ਼ਨ ਨੰ. 1 ਤੋਂ 7 ਤੱਕ) ਬਹੁ-ਵਿਕਲਪੀ ਪ੍ਰਸ਼ਨ ਹੋਣਗੇ। ਇਸ ਪੁਸਤਕ ਦੇ ਵਾਰਤਕ ਭਾਗ-2 ਵਿੱਚ ਵਾਰਤਕ-ਲੇਖ ਦੇ ਲੇਖਕ/ਰਚਨਾ ਦੇ ਨਾਂ, ਸਾਰ, ਵਿਸ਼ਾ-ਸਮੱਗਰੀ ਨਾਲ ਸੰਬੰਧਿਤ **ਦੋ** (ਪ੍ਰਸ਼ਨ ਨੰ. 8 ਤੋਂ 9 ਤੱਕ) ਬਹੁ-ਵਿਕਲਪੀ ਪ੍ਰਸ਼ਨ ਹੋਣਗੇ। ਇਸੇ ਭਾਗ ਦੇ ਲੇਖਾਂ ਵਿੱਚੋਂ **ਇੱਕ ਪੈਰਾ** ਦੇ ਕੇ ਉਸ ਪੈਰੇ ਵਿੱਚੋਂ **ਪੰਜ** (ਪ੍ਰਸ਼ਨ ਨੰ. 10 ਤੋਂ 14 ਤੱਕ) ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ।

**ਭਾਗ (ਅ): ਵੰਨਗੀ:10** ਕੁੱਲ ਅੰਕ=10

ਇਸ ਭਾਗ ਵਿੱਚ ਕੁੱਲ **ਦਸ** (ਪ੍ਰਸ਼ਨ ਨੰ. 15 ਤੋਂ 24 ਤੱਕ) ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ।ਇਸ ਵਿੱਚ ਪਾਠ-ਪੁਸਤਕ ਦੇ ਭਾਗ-1 ਵਿੱਚ ਸ਼ਾਮਿਲ ਕਹਾਣੀਆਂ ਵਿੱਚੋਂ ਕਹਾਣੀ/ ਕਹਾਣੀਕਾਰ ਦਾ ਨਾਂ, ਪਾਤਰਾਂ, ਮੁੱਖ ਭਾਵ, ਵਿਸ਼ਾ ਸਮੱਗਰੀ ਨਾਲ ਸੰਬੰਧਿਤ **ਪੰਜ** (ਪ੍ਰਸ਼ਨ ਨੰ. 15 ਤੋਂ 19 ਤੱਕ) ਬਹੁ-ਵਿਕਲਪੀ ਪ੍ਰਸ਼ਨ ਹੋਣਗੇ। ਇਸ ਪੁਸਤਕ ਦੇ ਇਕਾਂਗੀ ਭਾਗ-2 ਵਿੱਚ ਇਕਾਂਗੀ ਦੇ ਲੇਖਕ/ਰਚਨਾ ਦੇ ਨਾਂ, ਸਾਰ, ਵਿਸ਼ਾ-ਸਮੱਗਰੀ, ਪਾਤਰਾਂ, ਵਾਰਤਾਲਾਪਾਂ ਨਾਲ ਸੰਬੰਧਿਤ **ਦੋ** (ਪ੍ਰਸ਼ਨ ਨੰ. 20 ਤੋਂ 21 ਤੱਕ) ਬਹੁ-ਵਿਕਲਪੀ ਪ੍ਰਸ਼ਨ ਹੋਣਗੇ ਅਤੇ ਸ਼ਾਮਲ ਇਕਾਂਗੀਆਂ ਵਿੱਚੋਂ ਇੱਕ ਵਾਰਤਾਲਾਪ ਦੇ ਕੇ ਉਸ ਵਾਰਤਾਲਾਪ ਦੇ ਅਧਾਰ 'ਤੇ ਤਿੰਨ ਬਹੁ-**ਵਿਕਲਪੀ ਪ੍ਰਸ਼ਨ** (ਪ੍ਰਸ਼ਨ ਨੰ. 22 ਤੋਂ 24 ਤੱਕ) ਪੁੱਛੇ ਜਾਣਗੇ।

**ਭਾਗ (ੲ): ਇੱਕ ਹੋਰ ਨਵਾਂ ਸਾਲ (ਨਾਵਲ)** ਕੁੱਲ ਅੰਕ=6

ਇਸ ਭਾਗ ਵਿੱਚ ਕੁੱਲ **ਛੇ** (ਪ੍ਰਸ਼ਨ ਨੰ. 25 ਤੋਂ 30 ਤੱਕ) ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ।ਇਸ ਵਿੱਚ ਪਾਠ-ਪੁਸਤਕ ਦੇ ਸ਼ਾਮਲ ਨਾਵਲ ਵਿੱਚੋਂ ਨਾਵਲ ਦੇ ਪਾਤਰਾਂ, ਵਿਸ਼ਾ-ਸਮੱਗਰੀ, ਵਾਰਤਾਲਾਪ ਦੀ ਵਿਆਖਿਆ ਸੰਬੰਧੀ **ਛੇ** (ਪ੍ਰਸ਼ਨ ਨੰ. 25 ਤੋਂ 30 ਤੱਕ) ਬਹੁ-ਵਿਕਲਪੀ ਪ੍ਰਸ਼ਨ ਹੋਣਗੇ।

## ਵਿਸ਼ੇਸ਼ ਹਦਾਇਤਾਂ: ਭਾਗ-2

ਪਰੀਖਿਆ ਪੱਖੋਂ ਅਧਿਆਪਕਾਂ,ਵਿਦਿਆਰਥੀਆਂ,ਪੇਪਰ-ਸੈੱਟਰਾਂ ਅਤੇ ਪਰੀਖਿਅਕਾਂ ਲਈ ਵਿਸ਼ੇਸ਼ ਹਦਾਇਤਾਂ:

ਪਰੀਖਿਆ ਪੱਖੋਂ ਅਧਿਆਪਕਾਂ,ਵਿਦਿਆਰਥੀਆਂ,ਪੇਪਰ-ਸੈੱਟਰਾਂ ਅਤੇ ਪਰੀਖਿਅਕਾਂ ਲਈ ਵਿਸ਼ੇਸ਼ ਹਦਾਇਤਾਂ:

**ਪ੍ਰਸ਼ਨ ਨੰ: 1** ਇਹ ਪ੍ਰਸ਼ਨ ਸੁੰਦਰ ਲਿਖਾਈ ਦੇ ਅੰਕਾਂ ਲਈ ਰਾਖਵਾਂ ਹੋਵੇਗਾ। 2 ਅੰਕ

**ਪ੍ਰਸ਼ਨ ਨੰ: 2 ਵਸਤੂਨਿਸ਼ਠ ਪ੍ਰਸ਼ਨ:**

(ੳ) ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰਾਂ ਵਾਲੇ ਦੋ ਪ੍ਰਸ਼ਨ 2*1=2 ਅੰਕ

(ਅ) ਸਹੀ/ਗ਼ਲਤ ਵਾਲੇ 2 ਕਥਨ 2*1=2 ਅੰਕ

(ਸ) ਖ਼ਾਲੀ ਥਾਵਾਂ ਭਰੋ ਦਾ ਇੱਕ ਕਥਨ (ਦੋ ਆਪਸ਼ਨਾਂ ਸਮੇਤ) 1*1= 1 ਅੰਕ

ਇਹ ਵਸਤੂਨਿਸ਼ਠ ਪ੍ਰਸ਼ਨ ਨਿਰਧਾਰਿਤ ਪਾਠ-ਪੁਸਤਕਾਂ ਵਿੱਚੋਂ ਲਗ-ਪਗ ਲੋੜੀਂਦੇ ਅਨੁਪਾਤ ਅਨੁਸਾਰ ਹੋਣ।

**ਪ੍ਰਸ਼ਨ ਨੰ:3** ਪ੍ਰਸੰਗ ਸਹਿਤ ਵਿਆਖਿਆ: ਕਿਸੇ ਦੋ ਕਾਵਿ-ਬੰਦਾਂ ਵਿੱਚੋਂ **ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰਨ ਲਈ ਕਿਹਾ ਜਾਵੇਗਾ। ਪ੍ਰਸੰਗ ਦੇ 1 ਅਤੇ ਵਿਆਖਿਆ ਦੇ 2 ਅੰਕ ਹੋਣਗੇ। 2+3=05 ਅੰਕ

**ਪ੍ਰਸ਼ਨ ਨੰ:4** ਕੋਈ ਦੋ ਕਾਵਿ-ਰਚਨਾਵਾਂ ਦੇ ਕੇ ਕਿਸੇ ਇੱਕ ਦਾ **ਕੇਂਦਰੀ ਭਾਵ** ਲਗਪਗ **30-ਕੁ ਸ਼ਬਦਾਂ** ਵਿੱਚ ਲਿਖਣ ਲਈ ਕਿਹਾ ਜਾਵੇਗਾ। 1*3= 3 ਅੰਕ

**ਪ੍ਰਸ਼ਨ ਨੰ:5** ਸਾਹਿਤ-ਮਾਲਾ ਅਤੇ ਵੰਨਗੀ ਪੁਸਤਕਾਂ ਵਿੱਚੋਂ ਵਾਰਤਕ **ਲੇਖ ਜਾਂ ਕਹਾਣੀ ਦਾ ਸਾਰ** ਲਗਪਗ 100-ਕੁ ਸ਼ਬਦਾਂ ਵਿੱਚ ( **ਕੋਈ ਇੱਕ**) ਲਿਖਣ ਲਈ ਕਿਹਾ ਜਾਵੇਗਾ। 1*4=4 ਅੰਕ

**ਪ੍ਰਸ਼ਨ ਨੰ:6 ਸਾਹਿਤ-ਮਾਲਾ ਅਤੇ ਵੰਨਗੀ ਪੁਸਤਕਾਂ** ਵਿੱਚੋਂ ਅਭਿਆਸੀ ਪ੍ਰਸ਼ਨਾਂ ਵਿੱਚੋਂ ਇੱਕ-ਇੱਕ ਪ੍ਰਸ਼ਨ ਦੇ ਕੇ ਕੋਈ ਇੱਕ ਪ੍ਰਸ਼ਨ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। 1*4= 4 ਅੰਕ

**ਪ੍ਰਸ਼ਨ ਨੰ:7** ਇੱਕ ਪਾਤਰ ਇਕਾਂਗੀ ਅਤੇ ਇੱਕ ਪਾਤਰ ਨਾਵਲ ਵਿੱਚੋਂ ਦੇ ਕੇ ਕਿਸੇ ਇੱਕ ਦਾ ਪਾਤਰ-ਚਿਤਰਨ ਲਗਪਗ 100-ਕੁ ਸ਼ਬਦਾਂ ਵਿੱਚ ਲਿਖਣ ਲਈ ਕਿਹਾ ਜਾਵੇਗਾ। 1*5= 5 ਅੰਕ

**ਪ੍ਰਸ਼ਨ ਨੰ:8** ਇਕਾਂਗੀਆਂ ਵਿੱਚੋਂ ਕੋਈ ਦੋ ਵਾਰਤਾਲਾਪ ਦੇ ਕੇ ਕਿਸੇ ਇੱਕ ਵਾਰਤਾਲਾਪ ਦੇ ਹੇਠਾਂ ਦਿੱਤੇ ਗਏ ਤਿੰਨ ਪ੍ਰਸ਼ਨਾਂ ਦੇ ਉੱਤਰ ਲਿਖਣ ਲਈ ਕਿਹਾ ਜਾਵੇਗਾ। ਹਰੇਕ ਪ੍ਰਸ਼ਨ ਦਾ ਇੱਕ ਅੰਕ ਹੋਵੇਗਾ। 1*3= 3 ਅੰਕ

**ਪ੍ਰਸ਼ਨ ਨੰ:9** ਨਾਵਲ ਵਿੱਚੋਂ ਕੋਈ ਦੋ ਵਾਰਤਾਲਾਪ ਦੇ ਕੇ ਕਿਸੇ **ਇੱਕ ਦੀ ਪ੍ਰਸੰਗ ਸਹਿਤ ਵਿਆਖਿਆ** ਲਗਪਗ 40-ਕੁ ਸ਼ਬਦਾਂ ਵਿੱਚ ਲਿਖਣ ਲਈ ਕਿਹਾ ਜਾਵੇਗਾ। ਪ੍ਰਸੰਗ ਦਾ 1 ਅਤੇ ਵਿਆਖਿਆ ਦਾ 2 ਅੰਕ ਹੋਵੇਗਾ। 1+3= 4 ਅੰਕ

**ਨਿਰਧਾਰਿਤ ਪਾਠ-ਪੁਸਤਕਾਂ: ਸਾਹਿਤ-ਮਾਲ਼ਾ-10, ਵੰਨਗੀ:-10, ਇੱਕ ਹੋਰ ਨਵਾਂ ਸਾਲ (ਨਾਵਲ)**

**ਪ੍ਰਕਾਸ਼ਕ: ਪੰਜਾਬ ਸਕੂਲ ਸਿੱਖਿਆ ਬੋਰਡ**